# ਕੈਨੇਡਾ ਸਰਕਾਰ ਰੀਲੀਜ਼ 2022 ਪਤਝੜ ਆਰਥਕ ਸਟੇਟਮੈਂਟ

*ਜੀਵਨ ਨੂੰ ਵਿੱਤ ਅੰਦਰ ਪੁੱਜਦਾ ਬਣਾਉਣਾ ਅਤੇ ਅਜਿਹੀ ਆਰਥਕਤਾ ਸਿਰਜਣੀ ਜਿਹੜੀ ਹਰ ਕਿਸੇ ਲਈ ਕੰਮ ਕਰਦੀ ਹੋਵੇ*

3 ਨਵੰਬਰ, 2022 ਆਟਵਾ, ਆਂਟੇਰੀਓ ਵਿੱਤ ਵਿਭਾਗ, ਕੈਨੇਡਾ

ਅੱਜ, ਆਨਰੇਬਲ ਕ੍ਰਿਸਟੀਆ ਫ਼੍ਰੀਲੈਂਡ, ਡਿਪਟੀ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਨੇ 2022 ਦੀ *ਪਤਝੜ ਆਰਥਕ ਸਟੇਟਮੈਂਟ* ਰੀਲੀਜ਼ ਕੀਤੀ।

ਗਲੋਬਲ ਆਰਥਕ ਅਨਿੱਸਚਤਤਾ ਵਿੱਚ , ਇਹ ਸਟੇਟਮੈਂਟ ਸਰਕਾਰ ਦੀ ਅਜਿਹੀ ਯੋਜਨਾ ਦੀ ਰੂਪ-ਰੇਖਾ ਪੇਸ਼ ਕਰਦੀ ਹੈ ਜਿਸ ਰਾਹੀ ਆਰਥਕਤਾ ਪ੍ਰਤੀ ਨਿੱਗਰ ਸਰਕਾਰੀ ਅਗਵਾਈ ਜਾਰੀ ਰੱਖੀ ਜਾ ਸਕੇ ਅਤੇ ਜਦੋਂ ਵੀ ਕਨੇਡੀਅਨਾਂ ਨੂੰ ਸਰਕਾਰ ਦੀ ਲੋੜ ਹੋਵੇ ਸਰਕਾਰ ਉਦੋਂ ਹਾਜ਼ਰ ਹੋਵੇ। ਚੈੱਕਆਊਟ ਕਾਊਂਟਰ ਵਿਖੇ ਵੱਧਦੀਆਂ ਕੀਮਤਾਂ ਬਾਰੇ ਪਰਿਵਾਰਾਂ ਦੀ ਮਦਦ ਕਰਨ ਲਈ ਸਰਕਾਰ ਅਜਿਹੇ ਲੋਕਾਂ ਲਈ ਗਿਣੀ-ਮਥੀ ਮਦਦ ਮੁਹੱਈਆ ਕਰ ਰਹੀ ਹੈ ਜਿੰਨ੍ਹਾਂ ਨੂੰ ਉਹ ਮਦਦ ਬਹੁਤ ਲੋੜੀਂਦੀ ਹੋਵੇ। ਆਪਣੀ ਬੱਚਤ ਰਾਹੀ ਲੋਕਾਂ ਨੂੰ ਘਰ ਖ਼ਰੀਦਨ ਵਿੱਚ ਅਤੇ ਨਿੱਤ ਘਰ ਖਰੀਦਨ/ਵੇਚਣ ਦੇ ਰੁਝਾਣ ਨੂੰ ਢਾਹ ਲਗਾ ਕੇ, ਰਿਹਾਇਸ਼ ਨੂੰ ਲੋਕਾਂ ਲਈ ਪੁੱਜਦਾ ਬਣਾਉਣ ਲਈ ਸਰਕਾਰ ਆਪਣੀ ਵਿਅਪਕ ਯੋਜਨਾ ਨੂੰ ਵਾਧੇ ਵੱਲ ਲਿਜਾ ਰਹੀ ਹੈ। ਅਤੇ ਦੇਸ਼ ਭਰ ਅੰਦਰ ਅਤੇ ਸਰਵ ਆਰਥਕਤਾ ਵਿੱਚ ਮੌਕੇ ਅਤੇ ਨੌਕਰੀਆਂ ਮੁਹੱਈਆ ਕਰਕੇ ਉਦਯੋਗ ਨੂੰ ਮਜ਼ਬੂਤ ਬਣਾਉਣ ਲਈ, ਨੈੱਟ-ਜ਼ੀਰੋ-ਆਰਥਕਤਾ ਸਿਰਜਣ ਵਾਸਤੇ ਇਹ ਉਤਸ਼ਾਹਪੂਰਨ ਯੋਜਨਾ ਦਿੰਦੀ ਹੈ।

ਕਨੇਡੀਅਨ ਆਰਥਕਤਾ ਬੁਨਿਆਦੀ ਮਜ਼ਬੂਤੀ ਦੇ ਅਧਾਰ ਦੀ ਬੁਨਿਆਦ 'ਤੇ ਖੜ੍ਹੇ ਹੋ ਕੇ ਗਲੋਬਲ ਤੁੰਦ ਤੇ ਤੁਰਸ਼ ਹਵਾਵਾਂ ਦਾ ਸਾਮ੍ਹਣਾ ਕਰਦੀ ਹੈ: ਬੇਰੁਜ਼ਗਾਰੀ ਦਰ ਰਿਕਾਰਡ ਘੱਟ ਹੈ–ਮਹਾਮਾਰੀ ਤੋਂ ਪਹਿਲਾਂ ਦੇ ਮੁਕਾਬਲੇ ਅੱਜ 400,000 ਵੱਧ ਕਨੇਡੀਅਨ ਕੰਮ ਕਰ ਰਹੇ ਹਨ, G 7 ਅੰਦਰ ਇਸ ਸਾਲ ਸਭ ਤੋਂ ਵੱਧ ਨਿੱਗਰ ਆਰਥਕ ਵਾਧਾ, ਟ੍ਰੱਪਲ-A ਕ੍ਰੈਡਿਟ ਰੇਟਿੰਗ, ਸਭ ਤੋਂ ਘੱਟ ਨੈੱਟ-ਕਰਜ਼ਾ- ਅਤੇ ਮਧ ਮਿਆਦ ਦੌਰਾਨ G 7 ਵਿੱਚ ਡੈੱਟ-ਟੂ-ਜੀਡੀਪੀ ਰੇਸ਼ੋ। ਕਨੇਡੀਅਨਾਂ ਨੂੰ ਵਿਸ਼ਵਸਤ ਹੋਣਾ ਚਾਹੀਦਾ ਹੈ ਕਿ ਅਸੀਂ ਹਰ ਰੁਕਾਵਟ ਉਤੇ ਵਜੇਈ ਹੋਵਾਂਗੇ ਅਤੇ ਆਉਂਦੇ ਦਿਨਾਂ ਵਿੱਚ ਖ਼ੁਸ਼ਹਾਲ ਹੋਵਾਂਗੇ।

ਵਿੱਤੀ ਸਾਲ ਦਾ ਸ਼ਰਣਸਥਾਨ (fiscal Anchor)__ਕੋਵਿਡ-19 ਨਾਲ ਸੰਬੰਧਤ ਡੈਫੀਸਿਟਸ ਨਾਲ ਨਜਿੱਠਣਾ ਅਤੇ ਮੱਧ ਮਿਆਦ ਦੌਰਾਨ ਫ਼ੈਡਰਲ ਡੈੱਟ-ਟੂ-ਜੀਡੀਪੀ ਰੇਸ਼ੋ ਨੂੰ ਘਟਾਉਣਾ_ਵਿੱਚ ਕੋਈ ਤਬਦੀਲੀ ਨਹੀਂ ਆਈ। ਫ਼ੈਡਰਲ ਡੈੱਟ-ਟੂ-ਜੀਡੀਪੀ ਰੇਸ਼ੋ ਘਟਦਾ ਜਾਰੀ ਰਹੇਗਾ ਅਤੇ 2022 ਬਜਟ ਵਿੱਚ ਪ੍ਰਸਤਾਵਤ ਮੁਕਾਬਲੇ ਵਿੱਚ ਗਿਰਦਾ ਜਾ ਰਿਹਾ ਹੈ।

## ਉਦਾਹਰਣ

" ਅੱਜ ਦੀ ਪੱਤਝੜ ਆਰਥਕ ਸਟੇਟਮੈਂਟ ਅਜਿਹੀ ਆਰਥਕਤਾ-ਅਰਥਕਤਾ ਜਿਹੜੀ ਨੌਕਰੀਆਂ ਪੈਦਾ ਕਰਦੀ ਹੋਵੇ, ਅਤੇ ਜਿਹੜੀ ਕਨੇਡੀਅਨਾਂ ਵਾਸਤੇ ਉਨ੍ਹਾਂ ਦੀ ਵਿੱਤ ਅਨੁਸਾਰ ਪੁੱਜਦੇ ਜੀਵਨ ਸਿਰਜਣ 'ਤੇ ਕੇਂਦਰਤ ਹੋਵੇ, ਜਿਹੜੀ ਹਰੇ ਲਈ ਕੰਮ ਕਰਦੀ ਹੋਵੇ। ਜਿਉਂ ਹੀ ਅਸੀਂ ਗਲੋਬਲ ਤੁੰਦ ਤੇ ਤੁਰਸ਼ ਹਵਾਵਾਂ ਦਾ ਮੁਕਾਬਲਾ ਕਰਦੇ ਹਾਂ ਜਿਹੜੇ ਨਿਵੇਸ਼ ਅਸੀਂ ਅੱਜ ਕਰਦੇ ਹਾਂ ਕੈਨੇਡਾ ਨੂੰ ਲੰਮੇ ਸਮੇਂ ਤੀਕ ਸੁਰਖ਼ਰੂ ਰੱਖਣ ਵਾਲੇ ਹਨ ਅਤੇ ਆਉਂਦੀਆਂ ਪੁਸ਼ਤਾਂ ਵਾਸਤੇ ਵਧ ਖ਼ੁਸ਼ਹਾਲੀ ਵਾਲੇ ਹੋਣਗੇ।"

*ਆਂਨਰੇਬਲ ਕ੍ਰਿਸਟੀਆ ਫ਼੍ਰੀਲੈਂਡ, ਡਿਪਟੀ ਪਰਾਈਮ ਮਨਿੱਸਟਰ ਅਤੇ ਵਿੱਤ ਮਨਿਸੱਟਰ*

## ਤੁਰਤ ਤੱਥ

- *2022 ਪਤਝੜ ਆਰਥਕ ਸਟੇਟਮੈਂਟ* ਵਿੱਚ ਪ੍ਰਸਤਾਵਤ ਨਵੇਂ ਉਪਾ

### 1. ਵਿੱਤ ਅਨੁਸਾਰ ਵੱਧ ਪੁੱਜਦਾ ਜੀਵਨ ਬਣਾਉਣਾ

- ਫ਼ੈਡਰਲ ਸਟੂਡੈਂਟ ਅਤੇ ਅਪਰੈਂਟਿਸ ਕਰਜ਼ਿਆਂ 'ਤੋਂ ਸੂਦ ਪੱਕੇ ਤੌਰਤੇ ਖ਼ਤਮ ਕਰ ਦੇਣਾ;
- ਸਭ ਤੋਂ ਘੱਟ ਤਨਖ਼ਾਹ ਵਾਲੇ ਸਾਡੇ ਵਰਕਰਾਂ ਦੀਆਂ ਜੇਬਾਂ ਵਿੱਚ ਵੱਧ ਰਕਮ ਪਾਉਣ ਲਈ ਛੇਤੀ ਹੀ ਆਟੋਮੈਟਿਕ ਐਡਵਾਂਸ ਅਦਾਇਗੀਆਂ ਵਾਲੇ ਇੱਕ ਨਵੇਂ ਕੁਆਰਟਰਲੀ ਕੈਨੇਡਾ ਵਰਕਰਜ਼ ਬੈਨਿਫ਼ਿਟ ਦੀ ਸਿਰਜਣਾ।
- ਸਰਕਾਰ ਦੀ ਮੁਖੀ ਸਤੰਬ ਯੋਜਨਾ, ਭਾਵ ਘਰਾਂ ਨੂੰ ਵਿੱਤ ਅਨੁਸਾਰ ਪੁੱਜਦਾ ਕਰਨ ਵਾਸਤੇ, ਸਮੇਤ ਟੈਕਸ ਫ੍ਰੀ ਫ੍ਰਸਟ ਹੋਮ ਸੇਵਿੰਗਜ਼ ਅਕਾਊਂਟ, ਫ੍ਰਸਟ-ਟਾਈਮ ਹੋਮ ਬਾਇਰਜ਼ ਟੈਕਸ ਕਰੈਡਿਟ ਨੂੰ ਦੁਗਣਾ ਕਰਨਾ, ਅਤੇ ਯਕੀਨੀ ਬਣਾਉਣ ਲਈ ਕਿ ਨਿੱਤ ਘਰ ਵੇਚਣ/ਖ਼ਰੀਦਨ ਵਾਲੇ ਵਾਜਬ ਮੁੱਲ ਤਾਰਨ;ਅਤੇ

- ਛੋਟੇ ਕਾਰੋਬਾਰਾਂ ਲਈ ਕਰੈਡਿਟ ਕਾਰਡ ਟਰਾਂਜ਼ੈਕਸ਼ਨ ਫੀਸਾਂ ਘਟਾਉਣੀਆਂ

**2. ਅਜਿਹੀਆਂ ਨੌਕਰੀਆਂ, ਵਾਧੇ, ਅਤੇ ਆਰਥਕਤਾ ਜਿਹੜੇ ਹਰੇਕ ਲਈ ਕੰਮ ਕਰਦੀ ਹੋਵੇ, ਵਿੱਚ ਨਿਵੇਸ਼ ਕਰਨਾ:**

- ਨਿਊ ਕੈਨੇਡਾ ਗਰੋਥ ਫ਼ੰਡ ਜਿਸ ਰਾਹੀਂ ਕੈਨੇਡਾ ਵਿੱਚ ਪਰਾਈਵੇਟ ਨਿਵੇਸ਼ ਨਾਲ ਬਿਲੀਅਨਾਂ ਡਾਲਰ ਆਉਣਗੇ ਜੋ ਅਮਿਸ਼ਨਜ਼ ਘਟਾਉਣ, ਆਰਥਕਤਾ ਵਧਾਉਣ ਅਤੇ ਚੰਗੀਆਂ ਨੌਕਰੀਆਂ ਪੈਦਾ ਕਰਨ ਵਿੱਚ ਸਹਾਈ ਹੋਣਗੇ;
- ਸ਼ੁੱਧ ਟੈਕਨੌਲੋਜੀਆਂ ਅਤੇ ਹਾਈਡਰੋਜਨ ਲਈ ਮੇਜਰ ਇਨਵੈਸਟਮੈਂਟ ਟੈਕਸ ਕਰੈਡਿਟਸ ਜਿਸ ਨਾਲ ਚੰਗੀਆਂ ਨੌਕਰੀਆਂ ਪੈਦਾ ਹੋਣਗੀਆਂ ਅਤੇ ਜੋ ਕੈਨੇਡਾ ਨੂੰ ਨੈੱਟ-ਜ਼ੀਰੋ ਟਰਾਂਜ਼ੀਸ਼ਨ ਵਿੱਚ ਆਗੂ ਬਣਾ ਦੇਣਗੀਆਂ।
- ਕੈਨੇਡਾ ਅੰਦਰ ਪਬਲਿਕ ਕਾਰਪੋਰੇਸ਼ਨਾਂ ਵੱਲੋਂ ਸ਼ੇਅਰ ਬਾਈਬੈਕਸ 'ਤੇ ਨਵਾ ਟੈਕਸ ਲਗਾਉਣਾ
- ਸਸਟੇਨੇਬਲ ਜਾਬਜ਼ ਟਰੇਨਿੰਗ ਸੈਂਟਰ ਕਾਇਮ ਕਰਨਾ ਅਤੇ ਸਸਟੇਨੇਬਲ ਜਾਬਜ਼ ਸਟਰੀਮ ਆਫ਼ ਯੂਨੀਅਨ ਟਰੇਨਿੰਗ ਐਂਡ ਇਨੋਵੇਸ਼ਨ ਪ੍ਰੋਗਰਾਮ ਵਿੱਚ ਨਿਵੇਸ਼ ਕਰਨਾ ਤਾਂ ਜੋ ਵਰਕਰਾਂ ਨੂੰ ਅਜੋਕੀਆਂ ਅਤੇ ਭਵਿੱਖ ਦੀਆਂ ਚੰਗੀਆਂ ਨੌਕਰੀਆਂ ਲਈ ਲੋੜੀਂਦੀਆਂ ਸਕਿੱਲਜ਼ ਨਾਲ ਤਿਆਰ ਕਰ ਦੇਣਗੀਆਂ।

## ਸੰਬੰਧਤ ਦਸਤਾਵੇਜ਼

- *2022 ਫਾਲ ਐਕਨੌਮਿਕ ਸਟੇਟਮੈਂਟ*
- *ਡਿਪਟੀ ਪਰਾਈਮ ਮਨਿਸਟਰ ਦੀ ਸਪੀਚ*
- *ਪਿਛੋਕੜ: ਮੇਕਿੰਗ ਲਾਈਫ਼ ਮੋਰ ਅਫੋਰਡੇਬਲ*
- *ਪਿਛੋਕੜ:ਮੇਕਿੰਗ ਹਾਊਹਜ਼ਿੰਗ ਮੋਰ ਅਫੋਰਡੇਬਲ*
- *ਪਿਛੋਕੜ: ਜਾਬਜ਼, ਗਰੋਥ, ਐਂਡ ਐਨ ਅਕੋਨੋਮੀ ਦੈਟ ਵਰਕਸ ਫ਼ਾਰ ਐਵਰੀਵੰਨ*
- *ਟੈਕਨੀਕਲ ਪਿਛੋਕੜ: ਕੈਨੇਡਾ ਗਰੋਥ ਫ਼ੰਡ*

## ਸੰਬੰਧਤ ਲਿੰਕਸ

- ਐਨੁਅਲ ਫ਼ਿਨੈਂਨਸ਼ਲ ਰਿਪੋਰਟ 2021-2022
- ਅਫੋਰਡੇਬਲ ਪਲੈਨ
- ਛੇ ਮਹੀਨਿਆਂ ਲਈ ਜੀਐਸਟੀ ਕਰੈਡਿਟ ਡਬਲ ਕਰਨ ਲਈ ਕਨੂੰਨ ਰੋਇਲ ਮਨਜ਼ੂਰੀ ਹਾਸਲ ਕਰਦਾ ਹੈ
- ਕੈਨੇਡਾ ਦੀ ਸਰਕਾਰ ਕਨੇਡੀਅਨਾਂ ਦੇ ਜੀਵਨ ਨੂੰ ਪੱਜਦਾ ਬਣਾਉਣ ਲਈ ਕਨੂੰਨ ਪ੍ਰਸਤੁਤ ਕਰਦੀ ਹੈ
- ਕਨੇਡੀਅਨ ਅਰਥਕਤਾ ਦੇ ਵਾਧੇ ਲਈ ਅਤੇ ਜੀਵਨ ਵੱਧ ਪੁੱਜਦਾ ਬਣਾਉਣ ਲਈ ਕਨੂੰਨ ਰਾਇਲ ਮਨਜ਼ੂਰੀ ਹਾਸਲ ਕਰਦਾ ਹੈ
- ਡਿਪਟੀ ਪਰਾਈਮ ਮਨਿੱਸਟਰ ਕਨੇਡਅਨਾਂ ਲਈ ਸਰਕਾਰ ਦੀ ਅਫੋਰਡੇਬਿਲੀਟੀ ਪਲੈਨ ਦੀ ਰੂਪ-ਰੇਖਾ ਦਿੰਦੀ ਹੈ

## ਸੰਪਰਕ

### ਮੀਡੀਆ ਹੇਠ ਦਰਜ ਅਨੁਸਾਰ ਸੰਪਰਕ ਕਰ ਸਕਦਾ ਹੈ:

**Adrienne Vaupshas:**
**ਪ੍ਰੈਸ ਸੈਕਰਟਰੀ**
**ਆਫ਼ਸ ਆਫ ਦੀ ਡਿਪਟੀ ਪਰਾਈਮ ਮਨਿੱਟਸਰ ਐਂਡ ਮਨਿੱਸਟਰ ਆਫ਼ ਫ਼ਿਨੈਂਨਸ**
Adrienne.Vaupshas@fin.gc.ca

**ਮੀਡੀਆ ਰਿਲੇਸ਼ਨਜ਼**
**ਡਿਪਾਰਟਮੈਂਟ ਆਫ਼ ਫ਼ਿਨੈਂਨਸ ਕੈਨੇਡਾ**

mediare@fin.gc.ca
613-369-4000

## ਆਮ ਪੁੱਛ-ਗਿੱਛ

1-833-712-2292
TTY: 613-369-3230
financepublic-financepublique ਫ਼ੋਨ: @fin.gc.ca